Vigilance Bureau, Punjab

**Vigilance arrests Chairman Block Samiti Kharar for embezzlement of government funds**

**VB conducts raids to arrest accused BDPO Kharar, Mittal brothers**

SAS Nagar, 7 June: Punjab Vigilance Bureau today arrested Chairman of Block Samiti Kharar Resham Singh for embezzlement of government funds amounting to Rs 37.50 lakhs approximately under the garb of issuing purchase orders to JR Printers firm to supply various stationary items, proceeding registers, cash books, stock registers, muster rolls under Panchayati Raj Act etc. for use of various village panchayats which falls under the jurisdiction of Block Samiti Kharar.

Disclosing this here today an official spokesperson of the Punjab Vigilance Bureau said another case under the Prevention of Corruption Act has been registered against other accused the then BDPO Kharar Jatinder Singh Dhillon along with Punit Mittal, Rajinderpal Mittal and Jeetpal Mittal partners of a private Firm JR Printers and raids are being conducted to arrest them.

Giving details, he said during the probe it was found by the investigation agency that no material was supplied by the controversial firm and all the above said culprits in connivance with each other usurped the money and distributed it among themselves. He added that the then BDPO and concerned officials have omitted the necessary procedure to float tenders to procure huge quantity of various stationary items but issued orders to JR Printers firm to supply such material. "In another such case they used the same modus operandi to embezzle approx Rs 10.25 lakhs under the garb of putting flex boards in various villages depicting previous Government's development works", he said.

The spokesperson further said BDPO Dhillon and Chairman Resham Singh have misused their official position to give permissions for the aforementioned works without the requisite approvals of appropriate higher authorities. He informed that a case has been registered at VB police station SAS Nagar to probe the allegations and embezzlement in government funds and further probe was in progress. "There is strong suspicion that they're involved in many other embezzlements in works done during the previous government tenure", he added.

----------

ਵਿਜੀਲੈਂਸ ਬਿਓਰੋ ਪੰਜਾਬ

**ਵਿਜੀਲੈਂਸ ਵਲੋਂ ਸਰਕਾਰੀ ਫੰਡਾਂ 'ਚ ਘਪਲੇ ਦੇ ਦੋਸ਼ ਹੇਠ ਬਲਾਕ ਸੰਮਤੀ ਖਰੜ ਦਾ ਚੇਅਰਮੈਨ ਗ੍ਰਿਫਤਾਰ**

ਘੁਟਾਲੇ 'ਚ ਸ਼ਾਮਲ ਦੋਸ਼ੀ ਬੀ.ਡੀ.ਪੀ.ਓ ਖਰੜ ਤੇ ਮਿੱਤਲ ਭਰਾਵਾਂ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਜਾਰੀ

ਐਸ.ਏ.ਐਸ ਨਗਰ 7 ਜੂਨ : ਵਿਜੀਲੈਂਸ ਬਿਊਰੋ ਪੰਜਾਬ ਨੇ ਅੱਜ ਬਲਾਕ ਸੰਮਤੀ ਖਰੜ ਦੇ ਚੇਅਰਮੈਨ ਰੇਸ਼ਮ ਸਿੰਘ ਨੂੰ ਸਰਕਾਰ ਨੂੰ ਅੰਦਾਜ਼ਨ 37.50 ਲੱਖ ਰੁਪਏ ਦਾ ਵਿੱਤੀ ਨੁਕਸਾਨ ਪਹੁੰਚਾਉਣ ਅਤੇ ਘਪਲਾ ਕਰਨ ਦੇ ਦੇਸ਼ ਹੇਠ ਗ੍ਰਿਫਤਾਰ ਕਰ ਲਿਆ। ਇਸ ਮਾਮਲੇ ਵਿਚ ਉਸ ਵਲੋਂ ਹੋਰਨਾਂ ਦੀ ਮਿਲੀਭੁਗਤ ਨਾਲ ਬਲਾਕ ਸੰਮਤੀ ਖਰੜ ਦੇ ਅਧਿਕਾਰ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਦੀ ਵਰਤੋਂ ਲਈ ਸਟਾਕ ਰਜਿਸਟਰਾਂ, ਕੈਸ਼ ਰਜਿਸਟਰ, ਸਟਾਕ ਰਜਿਸਟਰ ਅਤੇ ਪੰਚਾਇਤੀ ਰਾਜ ਐਕਟ ਅਧੀਨ ਮਸਟਰ ਰੋਲ ਆਦਿ ਦੀ ਖਰੀਦ ਕਰਨ ਲਈ ਜੇ.ਆਰ ਪ੍ਰਿੰਟਰਜ਼ ਫਰਮ ਨੂੰ ਗਲਤ ਆਰਡਰ ਦਿੱਤਾ ਗਿਆ ਸੀ।

ਪੰਜਾਬ ਵਿਜੀਲੈਂਸ ਬਿਓਰੋ ਦੇ ਇਕ ਸਰਕਾਰੀ ਬੁਲਾਰੇ ਨੇ ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਇਸ ਕੇਸ ਵਿੱਚ ਸ਼ਾਮਲ ਉਸ ਸਮੇ ਤਾਇਨਾਤ ਬੀ.ਡੀ.ਪੀ.ਓ ਖਰੜ ਜਤਿੰਦਰ ਸਿੰਘ ਢਿਲੋਂ ਅਤੇ ਪ੍ਰਾਈਵੇਟ ਫਰਮ ਜੇ.ਆਰ. ਪ੍ਰਿੰਟਰ ਦੇ ਮਾਲਕ ਪੁਨੀਤ ਮਿੱਤਲ, ਰਾਜਿੰਦਰਪਾਲ ਮਿੱਤਲ ਅਤੇ ਜੀਤਪਾਲ ਮਿੱਤਲ ਵਾਸੀਆਨ ਸੰਗਰੂਰ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ।

ਹੋਰ ਵੇਰਵੇ ਦਿੰਦਿਆਂ ਬੁਲਾਰੇ ਨੇ ਕਿਹਾ ਕਿ ਵਿਜੀਲੈਂਸ ਦੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਵਿਵਾਦਗ੍ਰਸਤ ਫਰਮ ਦੁਆਰਾ ਉਕਤ ਆਰਡਰ ਕੀਤੀ ਕੋਈ ਵੀ ਸਮੱਗਰੀ ਪੰਚਾਇਤ ਸੰਮਤੀ ਜਾਂ ਪੰਚਾਇਤਾਂ ਨੂੰ ਸਪਲਾਈ ਹੀ ਨਹੀਂ ਕੀਤੀ ਗਈ ਅਤੇ ਉਪਰੋਕਤ ਸਾਰੇ ਦੋਸ਼ੀਆਂ ਨੇ ਇਕ-ਦੂਜੇ ਨਾਲ ਮਿਲੀਭੁਗਤ ਕਰਕੇ ਸਰਕਾਰੀ ਰਕਮ ਨੂੰ ਆਪਸ ਵਿਚ ਹੀ ਵੰਡ ਲਿਆ। ਉਨ੍ਹਾਂ ਕਿਹਾ ਕਿ ਅਜਿਹੇ ਹੋਰ ਕੇਸਾਂ ਵਿਚ ਉਨ੍ਹਾਂ ਨੇ ਪਿਛਲੀ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਦਰਸਾਉਣ ਵਾਲੇ ਵੱਖ-ਵੱਖ ਪਿੰਡਾਂ ਵਿਚ ਫਲੈਕਸ ਬੋਰਡ ਲਗਾਉਣ ਲਈ ਲਗਭਗ 10.25 ਲੱਖ ਰੁਪਏ ਘੁਟਲਾ ਕਰਨ ਮੌਕੇ ਵੀ ਇਹੋ ਹੀ ਤਰੀਕਾ ਅਪਣਾਇਆ ਸੀ ਜਿਸ ਦੀ ਜਾਂਚ ਚੱਲ ਰਹੀ ਹੈ।

ਬੁਲਾਰੇ ਨੇ ਕਿਹਾ ਕਿ ਪੜਤਾਲ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਬੀ.ਡੀ.ਪੀ.ਓ. ਢਿੱਲੋਂ ਅਤੇ ਚੇਅਰਮੈਨ ਰੇਸ਼ਮ ਸਿੰਘ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਉੱਚ ਅਧਿਕਾਰੀਆਂ ਤੋਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕੀਤੇ ਬਿਨਾਂ ਹੀ ਉਪਰੋਕਤ ਕੰਮਾਂ ਨੂੰ ਆਪਣੇ ਪੱਧਰ 'ਤੇ ਉਕਤ ਚਰਚਿਤ ਫਰਮ ਨੂੰ ਕੰਮ ਅਲਾਟ ਕਰ ਦਿੱਤਾ। ਅਜਿਹਾ ਕਰਨ ਦਾ ਦੋਸ਼ੀ ਪਾਏ ਜਾਣ 'ਤੇ ਵਿਜੀਲੈਂਸ ਬਿਓਰੋ ਦੇ ਐਸ.ਏ.ਐਸ.ਨਗਰ ਸਥਿਤ ਥਾਣੇ ਵਿਚ ਇਨ੍ਹਾਂ ਸਾਰਿਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਨੂੰ ਇਨ੍ਹਾਂ ਅਧਿਕਾਰੀਆਂ ਦੇ ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ ਕੀਤੇ ਗਏ ਵੱਖ-ਵੱਖ ਕੰਮਾਂ 'ਚ ਕਈ ਹੋਰ ਘੁਟਾਲਿਆਂ ਵਿੱਚ ਸ਼ਾਮਲ ਹੋਣ ਦਾ ਵੀ ਸ਼ੱਕ ਹੈ ਜਿਸ ਦੀ ਪੂਰੀ ਜਾਂਚ ਕੀਤੀ ਜਾਵੇਗੀ।